# ਪੀੜਤ ਜਾਣਕਾਰੀ ਅਤੇ ਸਲਾਹ
## ਸ਼ੈਰਿਫ਼ ਅਤੇ ਜਿਊਰੀ ਅਮਲ ਬਾਰੇ ਜਾਣਕਾਰੀ

**ਇਸ ਲੀਫ਼ਲੈਟ ਵਿਚਲੀ ਜਾਣਕਾਰੀ, ਹੋਰਨਾਂ ਭਾਸ਼ਾਵਾਂ ਅਤੇ ਰੂਪਾਂ ਵਿਚ ਉਪਲਬਧ ਹੈ। ਵੇਰਵਿਆਂ ਲਈ, ਕਿਰਪਾ ਕਰਕੇ VIA ਨਾਲ ਸੰਪਰਕ ਕਰੋ।**

### ਭੂਮਿਕਾ

**ਪੀੜਤ ਜਾਣਕਾਰੀ ਅਤੇ ਸਲਾਹ [Victim Information and Advice (VIA)]** ਨੇ ਤੁਹਾਨੂੰ ਇਹ ਲੀਫ਼ਲੈਟ ਦਿੱਤਾ ਹੈ, ਕਿਉਂਕਿ ਤੁਸੀਂ ਇਕ ਜੁਰਮ ਦੇ ਪੀੜਤ ਅਤੇ/ਜਾਂ ਗਵਾਹ ਹੋ। ਸੀਨੀਅਰ ਇਸਤਗਾਸਾ ਵਕੀਲਾਂ **(ਕ੍ਰਾਊਨ ਵਕੀਲ)** ਨੇ ਫ਼ੈਸਲਾ ਕੀਤਾ ਹੈ ਕਿ ਇਸ ਕੇਸ 'ਤੇ ਸ਼ੈਰਿਫ਼ ਅਦਾਲਤ ਵਿਚ ਸੁਣਵਾਈ ਹੋਣੀ ਚਾਹੀਦੀ ਹੈ। ਇਕ ਸ਼ੈਰਿਫ਼ ਅਤੇ ਜਿਊਰੀ ਵਾਲੀ ਸੁਣਵਾਈ ਵਿਚ, ਇਕ ਜਿਊਰੀ ਵਿਚ ਇਕ ਫ਼ੈਸਲਾ ਲੈਣ ਲਈ ਆਮ ਲੋਕਾਂ 'ਚੋਂ 15 ਮੈਂਬਰ ਹੁੰਦੇ ਹਨ ਅਤੇ ਇਕ ਸ਼ੈਰਿਫ਼ ਕਿਸੇ ਸਜ਼ਾ ਬਾਰੇ ਫ਼ੈਸਲਾ ਕਰਦਾ ਹੈ।

ਸ਼ੈਰਿਫ਼ ਅਤੇ ਜਿਊਰੀ ਦੀਆਂ ਸੁਣਵਾਈਆਂ ਵਿਚ ਮੁਲਜ਼ਿਮ ਨੂੰ ਇਕ ਦੋਸ਼-ਆਰੋਪਣ (ਕਾਨੂੰਨੀ ਦਸਤਾਵੇਜ਼) ਦਿਤਾ ਜਾਂਦਾ ਹੈ, ਜਿਸ ਵਿਚ ਉਸਦੇ ਵਿਰੁੱਧ ਇਲਜ਼ਾਮ ਦਿਤੇ ਗਏ ਹੁੰਦੇ ਹਨ। ਇਸ ਵਿਚ ਉਹਨਾਂ ਗਵਾਹਾਂ, ਚੀਜ਼ਾਂ ਜਾਂ ਦਸਤਾਵੇਜ਼ਾਂ ਬਾਰੇ ਵੀ ਲਿਖਿਆ ਹੁੰਦਾ ਹੈ, ਜਿਹਨਾਂ ਦਾ ਕਿਸੇ ਮੁਕੱਦਮੇ ਦੌਰਾਨ ਹਵਾਲਾ ਦਿਤਾ ਜਾ ਸਕਦਾ ਹੈ।

ਇਸ ਲੀਫ਼ਲੈਟ ਵਿਚ ਸ਼ੈਰਿਫ਼ ਅਤੇ ਜਿਊਰੀ ਦੇ ਅਮਲ ਦੇ ਪੜਾਅ ਦੱਸੇ ਗਏ ਹਨ।

VIA, ਤੁਹਾਨੂੰ ਇਸ ਅਮਲ ਰਾਹੀਂ ਸੇਧ ਦੇਣ ਵਿਚ ਮਦਦ ਦੇ ਸਕਦੀ ਹੈ।

### VIA ਬਾਰੇ

VIA, ਕ੍ਰਾਊਨ ਦਫ਼ਤਰ ਅਤੇ ਸਰਕਾਰੀ ਵਕੀਲ, ਸੇਵਾ ਦਾ ਹਿੱਸਾ ਹੈ। ਸਰਕਾਰੀ ਵਕੀਲ (ਦਿ ਫਿਸਕਲ), ਸਕਾੱਟਲੈਂਡ ਵਿਚ ਪੜਤਾਲ ਕਰਨ ਅਤੇ ਜੁਰਮ ਸਬੰਧੀ ਮੁਕੱਦਮਾ ਚਲਾਏ ਜਾਣ ਲਈ ਜ਼ਿੰਮੇਵਾਰ ਹੈ।

VIA ਸਟਾਫ਼, ਮੁਕੱਦਮਾ ਚਲਾਉਣ ਵਾਲੇ ਨਹੀਂ ਹਨ। ਸਾਡਾ ਕੰਮ ਪੀੜਤ, ਗਵਾਹਾਂ ਅਤੇ ਅਚਾਨਕ, ਅਣਕਿਆਸੀਆਂ ਜਾਂ ਜੁਰਮ ਸਬੰਧੀ ਮੌਤਾਂ ਦੇ ਕੁਝ ਕੇਸਾਂ ਵਿਚ ਨਜ਼ਦੀਕੀ ਰਿਸ਼ਤੇਦਾਰ ਦੀ ਵੀ ਸਹਾਇਤਾ ਕਰਨਾ ਹੈ।.

### ਸ਼ੈਰਿਫ਼ ਅਤੇ ਜਿਊਰੀ ਅਮਲ

### ਪਹਿਲੀ ਸੁਣਵਾਈ
### (ਗਵਾਹਾਂ ਨੂੰ ਹਾਜ਼ਰ ਹੋਣ ਦੀ ਜ਼ਰੂਰਤ ਨਹੀਂ ਹੈ):

ਇਸ ਸੁਣਵਾਈ ਵਿਚ ਸ਼ੈਰਿਫ਼ ਕਰੇਗਾ:

- ਕਿਸੇ ਅਜਿਹੇ ਕਾਨੂੰਨੀ ਮਾਮਲੇ 'ਤੇ ਵਿਚਾਰ, ਜਿਸਨੂੰ ਚੁੱਕਿਆ ਗਿਆ ਹੈ;
- ਪੁੱਛਣਾ ਕਿ ਕੀ ਮੁਲਜ਼ਿਮ, ਦੋਸ਼ੀ ਹੋਣ ਜਾਂ ਦੋਸ਼ੀ ਨਾ ਹੋਣ ਬਾਰੇ ਕਹਿਣ ਜਾ ਰਿਹਾ ਹੈ;
- ਸ਼ਨਾਖ਼ਤ ਕਰਨਾ ਕੀ ਇਸਤਗਾਸਾ ਅਤੇ ਬਚਾਅ ਧਿਰ ਮੁਕੱਦਮੇ ਲਈ ਤਿਆਰ ਹਨ।

ਜੇ ਮੁਲਜ਼ਿਮ, ਦੋਸ਼ੀ ਹੋਣ ਬਾਰੇ ਮੰਨਦਾ/ਮੰਨਦੀ ਹੈ, ਤਾਂ ਸ਼ੈਰਿਫ਼, ਉਸੇ ਸਮੇਂ ਅਤੇ ਉਥੇ ਹੀ ਸਜ਼ਾ ਦੇ ਸਕਦਾ ਹੈ। ਸ਼ੈਰਿਫ਼ ਕੁਝ ਕੇਸਾਂ 'ਤੇ, ਮੁਲਜ਼ਿਮ ਦੇ ਪਿਛੋਕੜ ਦੀ ਜਾਣਕਾਰੀ ਹਾਸਲ ਕਰਨ ਅਤੇ ਇਹ ਪਤਾ ਲਾਉਣ ਲਈ ਵੀ ਕਿ ਸਜ਼ਾ ਦੇ ਕਿਹੜੇ ਵਿਕਲਪ ਉਪਲਬਧ ਹਨ, ਕੇਸ ਨੂੰ ਮਗਰੋਂ ਦੀ ਇਕ ਤਾਰੀਖ਼ ਤੱਕ **ਮੁਲਤਵੀ** (ਜਾਰੀ ਰੱਖ) ਕਰ ਸਕਦਾ ਹੈ।

ਜੇ ਮੁਲਜ਼ਿਮ, ਦੋਸ਼ੀ ਨਾ ਹੋਣ ਬਾਰੇ ਕਹਿੰਦਾ/ਕਹਿੰਦੀ ਹੈ, ਤਾਂ ਇਸ ਕੇਸ 'ਤੇ ਸ਼ੈਰਿਫ਼ ਅਤੇ ਜਿਊਰੀ ਦੀ ਇਕ ਮੀਟਿੰਗ ਦੌਰਾਨ, ਕਿਸੇ ਵੇਲੇ ਸੁਣਵਾਈ ਹੋਏਗੀ। ਸ਼ੈਰਿਫ਼ ਅਤੇ ਜਿਊਰੀ ਦੀ ਬੈਠਕ ਹੁੰਦੀ ਹੈ, ਜਿਥੇ ਕੁਝ ਮੁਕੱਦਮਿਆਂ 'ਤੇ, ਇਕ ਨਿਸ਼ਚਿਤ ਵਕਫ਼ੇ ਅੰਦਰ ਸੁਣਵਾਈ ਕੀਤਾ ਜਾਣਾ ਨਿਸ਼ਚਿਤ ਕੀਤਾ ਗਿਆ ਹੈ।

## ਸੁਣਵਾਈ
## (ਗਵਾਹਾਂ ਨੂੰ ਜ਼ਰੂਰ ਹਾਜ਼ਰ ਹੋਣਾ ਚਾਹੀਦਾ ਹੈ)

ਜੇ ਤੁਹਾਨੂੰ ਗਵਾਹੀ ਦੇਣ ਦੀ ਲੋੜ ਹੈ, ਤਾਂ ਤੁਹਾਨੂੰ ਇਕ ਗਵਾਹ **ਸੰਮਨ** (ਚਿੱਠੀ) ਮਿਲੇਗਾ, ਜਿਸ ਵਿਚ ਤੁਹਾਨੂੰ ਇਕ ਤਾਰੀਖ਼ ਅਤੇ ਸਮਾਂ ਦਿਤਾ ਜਾਏਗਾ, ਜਦੋਂ ਤੁਹਾਨੂੰ ਅਦਾਲਤ ਵਿਚ ਜ਼ਰੂਰ ਆਉਣਾ ਹੋਏਗਾ। ਜੇ ਤੁਸੀਂ ਉਸ ਦਿਨ, ਅਦਾਲਤ ਵਿਚ ਨਹੀਂ ਆ ਸਕਦੇ ਹੋ, ਤਾਂ ਤੁਹਾਨੂੰ ਤੁਰੰਤ, ਫਿਸਕਲ ਜਾਂ VIA ਨਾਲ ਸੰਪਰਕ ਕਰਨਾ ਚਾਹੀਦਾ ਹੈ।

ਗਵਾਹ ਬਾਰੇ ਸੇਵਾ, ਜੋ ਸ਼ੈਰਿਫ਼ ਅਦਾਲਤ ਦੇ ਅੰਦਰ ਹੁੰਦੀ ਹੈ, ਜੋ ਗਵਾਹਾਂ ਨੂੰ ਵਿਹਾਰਕ ਸਹਾਇਤਾ ਮੁਹਈਆ ਕਰਦੀ ਹੈ ਅਤੇ ਅਦਾਲਤ ਲਈ ਮੁਕੱਦਮੇ ਤੋਂ ਪਹਿਲਾਂ ਦੀ ਇਕ ਵਿਜ਼ਿਟ ਦਾ ਪ੍ਰਬੰਧ ਕਰ ਸਕਦੀ ਹੈ। ਜੇ ਤੁਸੀਂ ਚਾਹੁੰਦੇ ਹੋ ਕਿ VIA, ਤੁਹਾਡੇ ਵਲੋਂ ਗਵਾਹ ਬਾਰੇ ਸੇਵਾ ਨਾਲ ਸੰਪਰਕ ਕਰੇ, ਤਾਂ ਕਿਰਪਾ ਕਰਕੇ ਸਾਨੂੰ ਦੱਸੋ।

ਇਸ ਤੋਂ ਪਹਿਲਾਂ ਕਿ ਤੁਹਾਨੂੰ ਅਦਾਲਤ ਦੇ ਕਮਰੇ ਵਿਚ ਬੁਲਾਇਆ ਜਾਵੇ, ਤੁਹਾਨੂੰ ਕੁਝ ਸਮਾਂ ਅਦਾਲਤ ਵਿਚ ਉਡੀਕਣ ਲਈ ਕਿਹਾ ਜਾਏਗਾ। ਸੁਣਵਾਈ 'ਤੇ ਕਿਵੇਂ ਪ੍ਰਗਤੀ ਹੋ ਰਹੀ ਹੈ, ਦੇ ਅਧਾਰ 'ਤੇ ਤੁਹਾਨੂੰ ਹੋ ਸਕਦਾ ਹੈ ਕਿ ਗਵਾਹੀ ਦੇਣ ਲਈ ਨਾ ਬੁਲਾਇਆ ਜਾਵੇ ਜਾਂ ਤੁਹਾਨੂੰ ਕਿਸੇ ਹੋਰ ਦਿਨ ਵਾਪਸ ਆਉਣ ਲਈ ਕਿਹਾ ਜਾਵੇ।

ਸੁਣਵਾਈ ਵਿਚ, ਜਿਊਰੀ ਸਾਰੇ ਗਵਾਹਾਂ ਨੂੰ ਸੁਣੇਗੀ ਅਤੇ ਫ਼ੈਸਲਾ ਕਰੇਗੀ ਕਿ ਮੁਲਜ਼ਿਮ **ਦੋਸ਼ੀ ਹੈ**, **ਦੋਸ਼ੀ ਨਹੀਂ ਹੈ** ਜਾਂ **ਦੋਸ਼ੀ ਸਾਬਿਤ ਨਹੀਂ ਹੋਇਆ ਹੈ**। ਜੇ ਮੁਲਜ਼ਿਮ ਦੋਸ਼ੀ ਨਹੀਂ ਹੈ ਜਾਂ ਦੋਸ਼ੀ ਸਾਬਿਤ ਨਹੀਂ ਹੋਇਆ ਹੈ, ਤਾਂ ਮੁਲਜ਼ਿਮ, ਅਦਾਲਤ ਛੱਡ ਕੇ ਜਾ ਸਕਦਾ ਹੈ ਅਤੇ ਕੇਸ਼ ਇਥੇ ਹੀ ਖ਼ਤਮ ਹੋ ਜਾਂਦਾ ਹੈ।

### ਹੋਰ ਜ਼ਰੂਰਤਾਂ

ਜੇ ਅੰਗ੍ਰੇਜ਼ੀ, ਤੁਹਾਡੀ ਮਾਂ-ਬੋਲੀ ਜਾਂ ਤਰਜੀਹੀ ਭਾਸ਼ਾ ਨਹੀਂ ਹੈ, ਤਾਂ ਤੁਹਾਨੂੰ ਇਹ ਦੱਸਣ ਲਈ ਕਿ ਅਦਾਲਤ ਵਿਚ ਕੀ ਕਿਹਾ ਜਾ ਰਿਹਾ ਹੈ, ਬਾਰੇ ਦੱਸਣ ਲਈ ਜਾਂ ਤੁਹਾਨੂੰ ਗਵਾਹੀ ਦੇਣ ਵਿਚ ਮਦਦ ਲਈ, ਇਕ ਦੁਭਾਸ਼ੀਏ ਦੀ ਲੋੜ ਹੋ ਸਕਦੀ ਹੈ। ਇੰਜ ਜ਼ਰੂਰੀ ਹੋ ਸਕਦਾ ਹੈ, ਭਾਵੇਂ ਕਿ ਤੁਸੀਂ ਰੋਜ਼ਮੱਰਾ ਦੇ ਜੀਵਨ ਲਈ ਕਾਫ਼ੀ ਅੰਗ੍ਰੇਜ਼ੀ ਜਾਣਦੇ ਹੋ।

ਤੁਹਾਨੂੰ, ਹੋਰ ਦਸਤਾਵੇਜ਼ਾਂ, ਜਿਵੇਂ ਕਿ ਫਿਸਕਲ ਵਲੋਂ, ਤੁਹਾਨੂੰ ਤੁਹਾਡੀ ਤਰਜੀਹੀ ਭਾਸ਼ਾ ਵਿਚ ਦਿੱਤੀਆਂ ਗਈਆਂ ਚਿੱਠੀਆਂ ਦੀ ਲੋੜ ਹੋ ਸਕਦੀ ਹੈ।

ਕੋਈ ਵੀ, ਜੋ ਅਦਾਲਤ ਵਿਚ ਗਵਾਹੀ ਦਿੰਦਾ ਹੈ, ਨੂੰ ਪਹਿਲਾਂ ਸੱਚ ਦੱਸਣ ਦਾ ਵਚਨ ਦੇਣਾ ਚਾਹੀਦਾ ਹੈ। ਤੁਸੀਂ, ਇਹ ਵਾਅਦਾ, ਇਕ ਅਜਿਹੇ ਤਰੀਕੇ ਨਾਲ ਦੇ ਸਕਦੇ ਹੋ, ਜੋ ਤੁਹਾਡੇ ਧਰਮ, ਭਾਸ਼ਾ ਜਾਂ ਸਭਿਆਚਾਰ ਅਨੁਸਾਰ ਢੁਕਵਾਂ ਹੋਵੇ।

ਜੇ ਤੁਹਾਡੀ ਇਕ ਅਪੰਗਤਾ ਜਾਂ ਵਿਗਾੜ ਹੈ, ਤਾਂ ਤੁਹਾਨੂੰ ਅਦਾਲਤ ਵਿਚ ਜਾਣ ਜਾਂ ਗਵਾਹੀ ਦੇਣ ਲਈ ਕੁਝ ਪ੍ਰਬੰਧ ਕਰਨ ਦੀ ਲੋੜ ਹੋ ਸਕਦੀ ਹੈ।

ਜੇ ਤੁਹਾਡੀਆਂ ਕੋਈ ਚਿੰਤਾਵਾਂ ਜਾਂ ਵਿਸ਼ੇਸ਼ ਲੋੜਾਂ ਹਨ, ਤਾਂ ਕਿਰਪਾ ਕਰਕੇ VIA ਨੂੰ ਦੱਸੋ। ਅਸੀਂ, ਫਿਰ ਯਕੀਨੀ ਬਣਾ ਸਕਦੇ ਹਾਂ ਕਿ ਫਿਸਕਲ ਅਤੇ ਅਦਾਲਤ ਇਹਨਾਂ ਤੋਂ ਜਾਣੂ ਹੋਵੇ।

## ਸਜ਼ਾ

ਕਈ ਵਾਰੀ ਸ਼ੈਰਿਫ਼, ਮੁਲਜ਼ਿਮ ਵਲੋਂ ਦੋਸ਼ੀ ਮੰਨੇ ਜਾਣ ਜਾਂ ਦੋਸ਼ੀ ਸਾਬਿਤ ਹੋਣ ਮਗਰੋਂ ਮੁਲਜ਼ਿਮ ਨੂੰ ਤੁਰੰਤ ਸਜ਼ਾ ਦਿੰਦਾ ਹੈ।

ਸ਼ੈਰਿਫ਼, ਹੋਰਨਾਂ ਕੇਸਾਂ ਵਿਚ, ਮੁਲਜ਼ਿਮ ਦੇ ਪਿਛੋਕੜ ਦੀ ਜਾਣਕਾਰੀ ਹਾਸਲ ਕਰਨ ਅਤੇ ਇਹ ਪਤਾ ਲਾਉਣ ਲਈ ਵੀ ਕਿ ਸਜ਼ਾ ਦੇ ਕਿਹੜੇ ਵਿਕਲਪ ਉਪਲਬਧ ਹਨ, ਵਾਸਤੇ ਇਕ ਮਗਰੋਂ ਦੀ ਤਾਰੀਖ਼ ਨੂੰ ਕੇਸ ਜਾਰੀ ਰੱਖ ਸਕਦਾ ਹੈ। ਜੇ ਇਕ ਸ਼ੈਰਿਫ਼, ਇਕ ਪਿਛੋਕੜ ਸਬੰਧੀ ਰਿਪੋਰਟ ਜਾਂ ਹੋਰ ਜਾਣਕਾਰੀ ਮੰਗਦਾ ਹੈ, ਤਾਂ ਇਸਦਾ ਅਰਥ ਹਮੇਸ਼ਾ ਇਹ ਨਹੀਂ ਹੈ ਕਿ ਉਹ ਦੋਸ਼ੀ ਨੂੰ ਜੇਲ੍ਹ ਭੇਜਣ ਬਾਰੇ ਸੋਚ ਰਹੇ ਹਨ। ਕਈ ਵਾਰੀ ਸ਼ੈਰਿਫ਼, ਕੇਸ ਨਾਲ ਨਜਿੱਠਣ ਦੇ ਬਿਹਤਰੀਨ ਤਰੀਕੇ ਦਾ ਪਤਾ ਲਾਉਣ ਦੇ ਰਾਹ ਲੱਭ ਰਿਹਾ ਹੁੰਦਾ ਹੈ। ਜੇ ਸ਼ੈਰਿਫ਼, ਇਕ ਜੇਲ੍ਹ ਦੀ ਸਜ਼ਾ ਦੇਣ ਦਾ ਵਿਚਾਰ ਕਰ ਰਿਹਾ ਹੈ, ਤਾਂ ਇਕ ਪਿਛੋਕੜ ਰਿਪੋਰਟ ਦੀ ਹਮੇਸ਼ਾ ਲੋੜ ਹੁੰਦੀ ਹੈ, ਜਿਥੇ ਦੋਸ਼ੀ 21 ਸਾਲ ਤੋਂ ਘੱਟ ਹੈ ਜਾਂ ਜੇ ਉਹ ਪਹਿਲਾਂ ਜੇਲ੍ਹ ਨਹੀਂ ਗਿਆ ਹੈ।

ਜਿਥੇ ਇਕ ਦੋਸ਼ੀ, ਮੁਕੱਦਮੇ ਦੌਰਾਨ, ਜੇਲ੍ਹ ਵਿਚ ਹੈ, ਤਾਂ ਸ਼ੈਰਿਫ਼ ਫ਼ੈਸਲਾ ਕਰੇਗਾ, ਕਿ ਕੀ ਉਸਨੂੰ, ਜਦ ਤੱਕ ਸਜ਼ਾ ਨਹੀਂ ਦਿਤੀ ਜਾਂਦੀ, ਉਸਨੂੰ ਜ਼ਮਾਨਤ 'ਤੇ ਰਿਹਾ ਕੀਤਾ ਜਾਣਾ ਚਾਹੀਦਾ ਹੈ।

## ਅਪੀਲ

ਇਕ ਮੁਲਜ਼ਿਮ, ਦੋਸ਼ੀ ਹੋਣ ਅਤੇ/ਜਾਂ ਸਜ਼ਾ ਵਿਰੁੱਧ ਅਪੀਲ ਕਰ ਸਕਦਾ ਹੈ। ਇਸ ਅਪੀਲ ਦੀ ਹਾਈ ਕੋਰਟ ਦੇ ਇਕ ਜੱਜ ਵਲੋਂ ਸੁਣਵਾਈ ਕੀਤੀ ਜਾਏਗੀ। ਇਕ ਦੋਸ਼ੀ ਨੂੰ ਸਜ਼ਾ ਮਗਰੋਂ, ਜੇ ਇਕ ਜੱਜ, ਉਸਦੀ ਰਿਹਾਈ ਨੂੰ ਮੰਜ਼ੂਰੀ ਦਿੰਦਾ ਹੈ, ਤਾਂ ਉਸਨੂੰ ਰਿਹਾ ਕੀਤਾ ਜਾ ਸਕਦਾ ਹੈ, ਜਦ ਤੱਕ ਕਿ ਅਪੀਲ 'ਤੇ ਸੁਣਵਾਈ ਨਹੀਂ ਹੁੰਦੀ ਹੈ। ਇਸਨੂੰ **ਅੰਤਰਿਮ ਅਜ਼ਾਦੀ** ਕਿਹਾ ਜਾਂਦਾ ਹੈ।

### ਹੋਰ ਜਾਣਕਾਰੀ

ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਜਾਂ ਜੇ ਕੋਈ ਅਜਿਹੀ ਗੱਲ ਹੈ, ਜਿਸ ਬਾਰੇ ਤੁਹਾਨੂੰ ਪੱਕਾ ਨਹੀਂ ਹੈ, ਤਾਂ ਕਿਰਪਾ ਕਰਕੇ VIA ਨੂੰ ਪੁੱਛੋ।

## ਸਥਾਨਕ ਸਹਾਇਤਾ ਏਜੰਸੀਆਂ

ਤੁਸੀਂ ਵੀ ਸੰਪਰਕ ਕਰਨਾ ਚਾਹ ਸਕਦੇ ਹੋ:

**ਪੀੜਤ ਸਹਾਇਤਾ ਸਕਾੱਟਲੈਂਡ**
ਜੁਰਮ ਦੇ ਪੀੜਤਾਂ ਲਈ ਵਿਹਾਰਕ ਅਤੇ ਭਾਵਨਾਤਮਕ ਸਹਾਇਤਾ ਮੁਹਈਆ ਕਰਨਾ। ਸਥਾਨਕ ਵੇਰਵਿਆਂ ਲਈ:

ਦਫ਼ਤਰ ਦੇ ਘੰਟਿਆਂ ਦੌਰਾਨ
**0845 60 39 213**
www.victimsupportsco.org.uk

**ਗਵਾਹ ਬਾਰੇ ਸੇਵਾ**
ਸਾਰੇ ਪੀੜਤਾਂ, ਗਵਾਹਾਂ ਅਤੇ ਉਹਨਾਂ ਦੇ ਪਰਿਵਾਰਾਂ ਅਤੇ ਦੋਸਤਾਂ/ਸਹੇਲੀਆਂ ਲਈ ਅਦਾਲਤ ਵਿਚ ਹਾਜ਼ਰ ਹੋਣ ਲਗਿਆਂ ਭਾਵਨਾਤਮਕ ਅਤੇ ਵਿਹਾਰਕ ਸੇਵਾ ਮੁਹਈਆ ਕਰਦੀ ਹੈ।

ਸਥਾਨਕ ਗਵਾਹ ਸੇਵਾ ਦੇ ਵੇਰਵਿਆਂ ਲਈ, ਕਿਰਪਾ ਕਰਕੇ ਪੀੜਤ ਸਹਾਇਤਾ, ਸਕਾੱਟਲੈਂਡ ਨਾਲ ਸੰਪਰਕ ਕਰੋ।

## VIA ਨਾਲ ਸੰਪਰਕ ਕਰੋ

ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਨਾਲ ਨੱਥੀ ਚਿੱਠੀ 'ਤੇ ਦਿੱਤੇ ਫ਼ੋਨ ਨੰਬਰ 'ਤੇ ਆਪਣੇ ਸਥਾਨਕ ਦਫ਼ਤਰ ਨੂੰ ਸੰਪਰਕ ਕਰੋ। ਇਸਤੋਂ ਇਲਾਵਾ, ਕਿਰਪਾ ਕਰਕੇ VIA ਰਾਸ਼ਟਰੀ ਦਫ਼ਤਰ, ਪਤਾ 1, ਪਤਾ 2, ਸਿਟੀ ਪੋਸਟਕੋਡ VIA National Office, Caledonian House, Greenmarket, Dundee DD1 4QA ਵਿਖੇ ਜਾਂ 01382 341185 'ਤੇ ਫ਼ੋਨ ਕਰਕੇ ਰਾਸ਼ਟਰੀ ਦਫ਼ਤਰ ਨਾਲ ਸੰਪਰਕ ਕਰੋ ਅਤੇ ਅਸੀਂ ਤੁਹਾਨੂੰ, ਤੁਹਾਡੇ ਸਥਾਨਕ VIA ਦਫ਼ਤਰ ਦੇ ਵੇਰਵੇ ਦਿਆਂਗੇ।

www.crownoffice.gov.uk

ਪੀੜਤ ਜਾਣਕਾਰੀ ਅਤੇ ਸਲਾਹ, ਕ੍ਰਾਊਨ ਦਫ਼ਤਰ ਅਤੇ ਸਰਕਾਰੀ ਵਕੀਲ, ਸੇਵਾ ਦਾ ਹਿੱਸਾ